# ਭਾਰਤ ਵਿੱਚ 2012-13 ਤੋਂ ਬਾਗ਼ਬਾਨੀ ਫ਼ਸਲਾਂ ਦੀ ਚੜ੍ਹਤ

ਪਿਛਲੇ ਇੱਕ ਦਹਾਕੇ ਤੋਂ ਭਾਰਤ ਵਿੱਚ ਬਾਗ਼ਬਾਨੀ ਫ਼ਸਲਾਂ ਦੀ ਪੈਦਾਵਾਰ ਅਨਾਜ ਵਾਲੀਆਂ ਫ਼ਸਲਾਂ ਤੋਂ ਵੱਧ ਰਹੀ ਹੈ। ਦੇਸ਼ ਵਿੱਚ 2012-13 ਤੋਂ ਬਾਗ਼ਬਾਨੀ ਫ਼ਸਲਾਂ ਦੀ ਉਪਜ ਅਨਾਜ ਵਾਲੀਆਂ ਫ਼ਸਲਾਂ ਦੀ ਵੱਧ ਹੋ ਰਹੀ ਹੈ।

ਭਾਰਤ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੇ ਅਰਥ ਅਤੇ ਅੰਕੜਾ ਡਾਇਰੈਕਟੋਰੇਟ ਦੇ ਹਿਸਾਬ ਮੁਤਾਬਿਕ, 2019-20 ਵਿੱਚ ਦੇਸ਼ ਵਿੱਚ ਚੌਥੇ ਅਗਾਊਂ ਅਨੁਮਾਨ ਅਨੁਸਾਰ 29.65 ਕਰੋੜ ਟਨ ਅਨਾਜ ਅਤੇ ਤੀਜੇ ਅਗਾਊਂ ਅਨੁਮਾਨ ਮੁਤਾਬਿਕ 31.96 ਕਰੋੜ ਟਨ ਬਾਗ਼ਬਾਨੀ ਫਸਲਾਂ ਦੀ ਪੈਦਾਵਾਰ ਹੋਣ ਦਾ ਅੰਦਾਜ਼ਾ ਲਾਇਆ ਗਿਆ ਸੀ।

2018-19 ਵਿੱਚ ਭਾਰਤ ਵਿੱਚ ਅਨਾਜ ਵਾਲੀਆਂ ਫ਼ਸਲਾਂ ਦੀ ਪੈਦਾਵਾਰ ਕਰੀਬ 28.5 ਕਰੋੜ ਟਨ ਅਤੇ ਬਾਗ਼ਬਾਨੀ ਫ਼ਸਲਾਂ ਦੀ ਪੈਦਾਵਾਰ ਕਰੀਬ 31.1 ਕਰੋੜ ਟਨ ਹੋਈ। ਭਾਰਤ ਵਿੱਚ 2010-11 ਵਿੱਚ ਬਾਗ਼ਬਾਨੀ ਫ਼ਸਲਾਂ ਦੀ ਕੁੱਲ ਪੈਦਾਵਾਰ 24.05 ਕਰੋੜ ਟਨ ਸੀ ਜਿਹੜੀ ਕਿ ਹਰ ਸਾਲ ਵਧ ਰਹੀ ਹੈ।

ਖੇਤੀਬਾੜੀ ਮੰਤਰਾਲੇ ਮੁਤਾਬਿਕ, ਬਾਗ਼ਬਾਨੀ ਵਿੱਚ ਫਲ ਅਤੇ ਸਬਜ਼ੀਆਂ, ਮਸਾਲੇ, ਫੁੱਲਾਂ ਦੀ ਕਾਸ਼ਤ ਅਤੇ ਬਾਗਾਨੀ ਫਸਲਾਂ ਜਿਵੇਂ ਕਿ ਕੋਕੋ, ਨਾਰੀਅਲ, ਸੁਪਾਰੀ, ਕਾਜੂ, ਚਾਹ ਅਤੇ ਕਾਫੀ ਸ਼ਾਮਿਲ ਹਨ।

ਭਾਰਤ ਵਿੱਚ ਬਾਗ਼ਬਾਨੀ ਫ਼ਸਲਾਂ ਦਾ ਮੁੱਲ ਵੀ ਉੱਪਰ ਵੱਲ ਵਧ ਰਿਹਾ ਹੈ। ਕੇਂਦਰੀ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ (ਐਮ ਓ ਐਸ ਪੀ ਆਈ) ਦੇ ਰਾਸ਼ਟਰੀ ਲੇਖਾ ਅੰਕੜੇ-2021 ਦੇ ਅਨੁਸਾਰ, 2019-20 ਵਿੱਚ ਸਥਿਰ ਕੀਮਤਾਂ (2011-12) 'ਤੇ ਬਾਗਬਾਨੀ ਫ਼ਸਲਾਂ ਦੇ ਉਤਪਾਦਨ ਦਾ ਮੁੱਲ 4,66,000 ਕਰੋੜ ਰੁਪਏ ਸੀ। 2018-19 ਵਿੱਚ ਸਥਿਰ ਕੀਮਤਾਂ (2011-12) 'ਤੇ ਬਾਗਬਾਨੀ ਫ਼ਸਲਾਂ ਦੇ ਉਤਪਾਦਨ ਦਾ ਮੁੱਲ 4,55,500 ਕਰੋੜ ਰੁਪਏ ਸੀ।

ਸਥਿਰ ਕੀਮਤਾਂ (2011-12) 'ਤੇ, ਖੇਤੀਬਾੜੀ ਫ਼ਸਲਾਂ ਦੇ ਉਤਪਾਦਨ ਦੇ ਕੁੱਲ ਮੁੱਲ ਵਿੱਚ ਬਾਗ਼ਬਾਨੀ ਦਾ ਹਿੱਸਾ 2019-20 ਵਿੱਚ 34% ਅਤੇ 2018-19 ਵਿੱਚ 34.89% ਸੀ। ਸਥਿਰ ਕੀਮਤਾਂ (2011-12) 'ਤੇ 2012-13 ਵਿੱਚ ਖੇਤੀਬਾੜੀ ਫ਼ਸਲਾਂ ਦੇ ਉਤਪਾਦਨ ਦੇ ਕੁੱਲ ਮੁੱਲ ਵਿੱਚ ਬਾਗ਼ਬਾਨੀ ਦਾ ਹਿੱਸਾ 30% ਸੀ।

ਮੌਜੂਦਾ ਕੀਮਤਾਂ (2011-12 ਲੜੀਵਾਰ) 'ਤੇ ਬਾਗਬਾਨੀ ਫ਼ਸਲਾਂ ਦੇ ਉਤਪਾਦਨ ਦਾ ਮੁੱਲ 2019-20 ਵਿੱਚ 9,11,900 ਕਰੋੜ ਰੁਪਏ ਸੀ। ਮੌਜੂਦਾ ਕੀਮਤਾਂ (2011-12 ਲੜੀਵਾਰ) 'ਤੇ 2019-20 ਵਿੱਚ ਉਨ੍ਹਾਂ ਦਾ ਹਿੱਸਾ ਖੇਤੀਬਾੜੀ ਫ਼ਸਲਾਂ ਦੇ ਉਤਪਾਦਨ ਦੇ ਕੁੱਲ ਮੁੱਲ ਦਾ 38.69% ਸੀ।

2019-20 ਵਿੱਚ ਬਾਗਬਾਨੀ ਫਸਲਾਂ ਦੇ ਅਧੀਨ ਖੇਤਰ: 26.2 ਕਰੋੜ ਹੈਕਟੇਅਰ

2019-20 ਵਿੱਚ ਬਾਗਬਾਨੀ ਫਸਲਾਂ ਦਾ ਉਤਪਾਦਨ: 31.96 ਕਰੋੜ ਮੀਟ੍ਰਿਕ ਟਨ

(ਤੀਜਾ ਅਗਾਊਂ ਅਨੁਮਾਨ, ਖੇਤੀਬਾੜੀ ਮੰਤਰਾਲਾ)